(i) Printed Pages : 3

(ii) Questions : 6

Roll No. ..............................

**Sub. Code : 0 5 0 8**

**Exam. Code : 0 0 0 6**

**B.A./B.Sc. (General) 6th Sem.**

**(2053)**

**PUNJABI**

**Paper : (Elective)**

**Time Allowed : Three Hours]** **[Maximum Marks : 90**

**ਨੋਟ :–** (1) ਲਿਖਾਈ ਸਾਫ਼ ਅਤੇ ਸ਼ੁੱਧ ਹੋਵੇ।

(2) ਸਾਰੇ ਪ੍ਰਸ਼ਨ ਤਰਤੀਬ ਅਨੁਸਾਰ ਹੱਲ ਕੀਤੇ ਜਾਣ।

1. (ੳ) ਕਿਸੇ **ਇੱਕ** ਕਾਵਿ ਬੰਦ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਆ ਸਜਨਾ ਮੂੰਹ ਦੱਸ ਕਿਦਾਈਂ ਜਾਨ ਤੇਰੇ ਤੋਂ ਵਾਰੀ
ਤੂੰਹੇ ਜਾਨ ਈਮਾਨ ਦਿਲੇ ਦਾ ਤੁੱਧ ਬਿਨ ਮੈਂ ਕਿਸ ਕਾਰੀ
ਹੂਰਾਂ ਤੇ ਗਿਲਮਾਨ ਬਹਿਸ਼ਤੀ ਚਾਹੇ ਖ਼ਲਕਤ ਸਾਰੀ
ਤੇਰੇ ਬਾਝੁ ਮੁਹੰਮਦ ਮੈਨੂੰ ਨਾ ਕੋਈ ਚੀਜ਼ ਪਿਆਰੀ

**ਜਾਂ**

(ਅ) ਸੀਨ ਸ਼ਹਿਰ ਆਇਆ ਘਰ ਮਾਈਆਂ ਦੇ,
ਪੂਰਨ ਪੁੱਛਦਾ ਨੌਕਰਾਂ ਚਾਕਰਾਂ ਨੂੰ।
ਜਿਸ ਜਾਇਆ ਓਸ ਨੂੰ ਮਾਨ ਵੱਡਾ,
ਮੱਥਾ ਟੇਕਣਾ ਅਬਲਾਂ ਮਾਤਰਾਂ ਨੂੰ।
ਰਾਣੀ ਲੂਣਾ ਦੇ ਮਹਿਲ ਨੂੰ ਰਵਾਂ ਹੋਇਆ,
ਅੰਦਰ ਜਾਇ ਵੜਿਆ ਪੁੱਤਰ ਖਾਤਰਾਂ ਨੂੰ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

(ੳ) ਬਿਨ ਡਿਠਿਆ ਨੈਣ ਨ ਰਹਿੰਦੇ ਨੀ

(ਅ) ਬਾਰਾਂ ਬਰਸ ਗੁਜ਼ਰੇ ਖ਼ਬਰਦਾਰ ਹੋਇਆ। 10

2. (ੳ) ਹੇਠ ਲਿਖੇ ਕਿਸੇ ਕਾਵਿ-ਬੰਦ ਜਾਂ ਵਾਰਤਕ ਟੁਕੜੀ ਦੀ ਸਾਹਿਤਕ ਆਲੋਚਨਾ ਕਰੋ :

(ੳ) ਸਾਕੀ ਐਸਾ ਦੇਹ ਪਿਆਲਾ

ਜਿਸ ਪੀ ਮੈਂ ਹੋਵਾਂ ਮਤਵਾਲਾ

ਦੁਨੀਆਂ ਹੋਏ ਖਾਬ ਖ਼ਿਆਲਾ

ਦਿਲ ਤੋਂ ਦੂਜਾ ਦਿਆਂ ਵਿਸਾਰ।

**ਜਾਂ**

(ਅ) ਹਰਿਮੰਦਰ ਦਾ ਇਹ ਅੰਮ੍ਰਿਤ ਵੇਲਾ ਮੇਰੇ ਮਨ ਦੇ ਸੰਸਕਾਰਾਂ ਨਾਲ ਅਜਿਹਾ ਜੁੜਿਆ ਹੈ ਕਿ ਮੈਂ ਇਸ ਨਾਲੋਂ ਕਦੀ ਵੀ ਟੁੱਟ ਨਹੀਂ ਸਕਾਂਗਾ। ਅੱਜ-ਕੱਲ੍ਹ ਤਾਂ ਹਰਿਮੰਦਰ ਸਾਹਿਬ ਦਾ ਕੀਰਤਨ 4-30 ਵਜੇ ਹੀ ਘਰ-ਘਰ ਸੁਣਿਆ ਜਾ ਸਕਦਾ ਹੈ, ਪਰ ਉਦੋਂ ਉਸ ਮਾਹੌਲ ਵਿੱਚ ਸ਼ਾਮਲ ਹੋ ਕੇ ਬਾਬਾ ਜੀ ਦੇ ਪ੍ਰਕਾਸ਼ ਤੱਕ ਸੰਗਤਾਂ ਦੇ ਨਾਲ-ਨਾਲ ਤੁਰਨ ਵਿੱਚ ਇੱਕ ਅਲਾਹੀ ਆਨੰਦ ਸੀ। ਰੁਪਹਿਲੀ ਪਾਲਕੀ ਸਾਹਿਬ ਵਿੱਚ ਬਾਬਾ ਜੀ ਦੀ ਬੀੜ ਬਿਰਾਜਮਾਨ ਹੁੰਦੀ ਸੀ। ਪਾਲਕੀ ਦੀ ਬਾਹੀ ਨੂੰ ਮੋਢੇ ਦਾ ਆਸਰਾ ਦੇਣ ਲਈ ਹਰ ਕੋਈ ਅੱਗੇ ਹੋ-ਹੋ ਸੇਵਾ ਦਾ ਮੌਕਾ ਭਾਲਦਾ। 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਪਰਖ ਕਰੋ :

(ੳ) ਕਿਰਤ

(ਅ) ਮੇਰੀ ਨੰਨੀ ਲਿਲਾਹ। 10

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(1) ਲੈਲਾ ਮਜਨੂੰ ਤੇ ਫ਼ਰਿਹਾਦ ਨਾਲ ਕੀ ਵਾਪਰਦਾ ਹੈ ? ਕਿਸ਼ਨ ਸਿੰਘ ਆਰਿਫ਼ ਦੀਆਂ ਕਾਫ਼ੀਆਂ ਦੇ ਆਧਾਰ ਤੇ ਦੱਸੋ।

(2) 'ਹੈ ਤਲਵਾਰੋਂ ਤੇਜ਼ ਜੁਦਾਈ' ਕਾਫ਼ੀ ਦਾ ਕੇਂਦਰੀ ਭਾਵ ਬਿਆਨ ਕਰੋ।

(3) ਖ਼ਵਾਜਾ ਗੁਲਾਮ ਫ਼ਰੀਦ ਦੀ ਰਚਨਾ 'ਐ ਹੁਸਨ ਹਕੀਕੀ' ਵਿੱਚ ਕਿਹੜੇ ਹਿੰਦੂ ਦੇਵਤਿਆਂ ਦਾ ਜ਼ਿਕਰ ਆਇਆ ਹੈ ?

(4) ਬਾਰਾਂ ਸਾਲਾਂ ਉਪਰੰਤ ਪੂਰਨ ਭਗਤ ਦੇ ਭੋਰੇ ਵਿੱਚੋਂ ਬਾਹਰ ਆਉਣ ਦਾ ਦ੍ਰਿਸ਼ ਬਿਆਨ ਕਰੋ।

(5) 'ਸੁੱਚੀ ਕਿਰਤ ਰੱਬ ਦੀ ਪੂਜਾ ਹੈ।' ਇਸ ਕਥਨ ਦੀ ਵਿਆਖਿਆ ਕਰੋ।

(6) 'ਕੁੱਤਿਆਂ ਦੀ ਲੜਾਈ' ਨਿਬੰਧ ਦਾ ਵਿਸ਼ਾ ਕੀ ਹੈ ?

(7) ਗੰਗਾਦੀਨ ਤੇ ਉਸ ਦੇ ਭਰਾ ਦੀ ਪਛਾਣ ਦੀ ਮੁੱਖ ਨਿਸ਼ਾਨੀ ਕੀ ਸੀ ?

(8) ਹਜ਼ਰਤ ਮੁਹੰਮਦ ਸਾਹਿਬ ਅਨੁਸਾਰ ਇੱਕ ਬੇਗੁਨਾਹ ਇਨਸਾਨ ਦਾ ਕਾਤਲ ਕਿਸ ਗੁਨਾਹ ਦਾ ਭਾਗੀ ਹੁੰਦਾ ਹੈ ? $5 \times 2 = 10$

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਦੇ ਉੱਤਰ ਲਿਖੋ :

(1) ਈਸਾਈ ਮਿਸ਼ਨਰੀਆਂ ਦੀ ਪੰਜਾਬੀ ਦੇ ਵਿਕਾਸ ਲਈ ਕੀ ਦੇਣ ਸੀ ?

(2) ਸੁਲਤਾਨ ਬਾਹੂ ਦੀ ਰਚਨਾ ਸੰਬੰਧੀ ਜਾਣਕਾਰੀ ਦਿਓ।

(3) ਗੁਲਾਮ ਫ਼ਰੀਦ ਦੀਆਂ ਕਾਫ਼ੀਆਂ ਉੱਪਰ ਕਾਹਦਾ ਪ੍ਰਭਾਵ ਹੈ।

(4) ਕਿਸ਼ਨ ਸਿੰਘ ਆਰਫ਼ ਦੀ ਕਿੱਸਾ ਰਚਨਾ ਦਾ ਵੇਰਵਾ ਦਿਓ।

(5) ਹਾਸ਼ਮ ਦੁਆਰਾ ਰਚੇ ਕਿੱਸੇ ਵਿੱਚ ਵਰਤੇ ਗਏ ਛੰਦ ਅਤੇ ਉਸ ਦੀ ਕਾਵਿ ਭਾਸ਼ਾ ਬਾਰੇ ਜਾਣਕਾਰੀ ਦਿਓ।

(6) ਸ਼ਾਹ ਹੁਸੈਨ ਦੀ ਰਚਨਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਦੱਸੋ। $5 \times 4 = 20$

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਅਰਸਤੂ ਦਾ ਅਨੁਕਰਨ ਸਿਧਾਂਤ

(2) ਮਾਰਕਸਵਾਦੀ ਚਿੰਤਨ ਵਿਧੀ। 10

6. ਕਿਸੇ **ਇੱਕ** ਸੰਕਲਪ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਇਸ ਦੇ ਖੇਤਰ।

(2) ਭਾਸ਼ਾ ਵਿਗਿਆਨ ਤੇ ਸਮਾਜ ਵਿਗਿਆਨ ਦੇ ਆਪਸੀ ਸੰਬੰਧ। 10